***"ਜੇ ਮੈਂ ਲਾਗਤਾਂ ਨਹੀਂ ਚੁੱਕ ਸਕਦਾ/ਸਕਦੀ, ਤਾਂ ਕੀ ਹੁੰਦਾ ਹੈ?"***

ਆਪਣੇ ਬੀਮੇ ਦੇ ਸਹਿ-ਭੁਗਤਾਨਾਂ, ਸਹਿ-ਬੀਮੇ ਜਾਂ ਕਟੌਤੀਆਂ ਦਾ ਭੁਗਤਾਨ ਕਰਨ ਦੇ ਅਸਮਰੱਥ ਹੋਣ ਦੇ ਅਧਾਰ ਤੇ ਤੁਹਾਡੇ ਪਰਿਵਾਰ ਨੂੰ ਸ਼ੁਰੂਆਤੀ ਸਾਲਸੀ ਸੇਵਾਵਾਂ ਦੇਣ ਤੋਂ ਮਨ੍ਹਾ ਨਹੀਂ ਕੀਤਾ ਜਾ ਸਕਦਾ। ਤੁਹਾਨੂੰ ਦਿੱਤਾ ਗਿਆ ਫ਼ਾਰਮ ਭਰਕੇ ਦੇਣ ਨਾਲ ਭੁਗਤਾਨ ਕਰਨ ਦੀ ਤੁਹਾਡੀ ਸਮਰੱਥਾ ਜਾਂ ਅਸਮਰੱਥਾ ਦਾ ਨਿਰਣਾ ਕੀਤਾ ਜਾਏਗਾ। ਜੇ ਅਸੀਂ ਨਿਰਣਾ ਕਰਦੇ ਹਾਂ ਕਿ ਤੁਸੀਂ ਇਹਨਾਂ ਲਾਗਤਾਂ ਦਾ ਭੁਗਤਾਨ ਕਰਨ ਦੇ ਸਮਰੱਥ ਹੋ, ਤਾਂ ਤੁਸੀਂ ਉਹਨਾਂ ਦਾ ਪੂਰਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੋਵੋਗੇ। ਇਸ ਅਮਲ ਵਿਚ ਤੁਹਾਡਾ FRC ਅਤੇ ਸਰਵਿਸ ਪ੍ਰੋਵਾਈਡਰ ਤੁਹਾਡੀ ਮਦਦ ਕਰੇਗਾ।

ਇੱਕ ਪਰਿਵਾਰ, ਪਰਿਵਾਰ ਦੀ ਆਮਦਨ ਜਾਂ ਖ਼ਰਚਿਆਂ ਵਿਚ ਹੋਈ ਤਬਦੀਲੀ ਕਰਕੇ ਕਿਸੇ ਵੀ ਸਮੇਂ ਆਪਣੇ ਬੀਮੇ ਦੇ ਸਹਿਭੁਗਤਾਨਾਂ, ਸਹਿਬੀਮੇ, ਕਟੌਤੀਆਂ ਜਾਂ ਮਹੀਨੇਵਾਰ ਪਰਿਵਾਰਕ ਫ਼ੀਸ ਦੇ ਭੁਗਤਾਨ ਦੀ ਆਪਣੀ ਸਮਰੱਥਾ ਦੇ ਮੁੜ-ਨਿਰਣੇ ਲਈ ਕਹਿ ਸਕਦਾ ਹੈ।

ਜੇ ਪਰਿਵਾਰ ਨੂੰ ਆਪਣੇ ਬੀਮੇ ਦੇ ਸਹਿਭੁਗਤਾਨਾਂ, ਸਹਿਬੀਮੇ, ਕਟੌਤੀਆਂ ਜਾਂ ਮਹੀਨੇਵਾਰ ਪਰਿਵਾਰਕ ਫ਼ੀਸ ਦਾ ਭੁਗਤਾਨ ਨਾ ਕਰਨ ਵਿਚ 90 ਦਿਨ ਤ□□ ਵੱਧ ਹੋ ਜਾਂਦੇ ਹਨ, ਤਾਂ EI ਪ੍ਰੋਗਰਾਮ IFSP ਸੇਵਾਵਾਂ ਮੁਅੱਤਲ ਕਰ ਸਕਦਾ ਹੈ, ਜਦ ਤੱਕ EI ਪ੍ਰੋਗਰਾਮ ਨਾਲ ਭੁਗਤਾਨ ਕਰਨ ਦਾ ਕੋਈ ਪ੍ਰੋਗਰਾਮ ਤਿਆਰ ਨਹੀਂ ਕੀਤਾ ਜਾਂਦਾ।

***"ਮੇਰਾ ਖ਼ਿਆਲ ਹੈ ਕਿ ਸ਼ੁਰੂਆਤੀ ਸਾਲਸੀ ਸੇਵਾਵਾਂ ਦੀਆਂ ਲਾਗਤਾਂ ਮੇਰੇ ਬੀਮੇ ਦੇ ਘੇਰੇ ਹੇਠ ਆਉਂਦੀਆਂ ਹਨ।"***

ਕੁਝ ਸਿਹਤ ਬੀਮਾ ਪਲਾਨ ਕੁਝ EI ਸੇਵਾਵਾਂ ਦੇ ਘੇਰੇ ਹੇਠ ਆ ਸਕਦੇ ਹਨ, ਜਦਕਿ ਦੂਜੇ ਨਹੀਂ। ਤੁਹਾਡੇ ਬੱਚੇ ਦੀਆਂ IFSP ਸੇਵਾਵਾਂ ਲਈ, ਜੇ ਕੋਈ ਹੈ, ਤਾਂ EI ਪ੍ਰੋਗਰਾਮ ਤੁਹਾਡੇ ਪਰਿਵਾਰਕ ਲਾਗਤ ਦੀ ਹਿੱਸੇਦਾਰੀ ਦਾ ਪਤਾ ਲਾਉਣ ਲਈ ਤੁਹਾਡੇ ਨਾਲ ਵਿਅਕਤੀਗਤ ਤੌਰ ਤੇ ਗੱਲ ਕਰੇਗਾ। ਪਰਿਵਾਰਕ ਲਾਗਤ ਦੀ ਹਿੱਸੇਦਾਰੀ (FCP) ਇਹ ਯਕੀਨੀ ਬਣਾਉਣ ਲਈ ਜ਼ਰੂਰੀ ਹੈ ਕਿ ਸਾਰੇ ਯੋਗ ਬੱਚਿਆਂ ਦੀ ਸੇਵਾਵਾਂ ਤੱਕ ਪਹੁੰਚ ਹੈ।

**ਸੁਆਲ ਜਾਂ ਚਿੰਤਾਵਾਂ?**

ਤੁਹਾਡੇ ਸ਼ੁਰੂਆਤੀ ਸਾਲਸੀ (EI) ਪ੍ਰੋਗਰਾਮ ਵਿਚ ਪ੍ਰੋਗਰਾਮ ਡਾਇਰੈਕਟਰ ਨੂੰ ਪਰਿਵਾਰਕ ਲਾਗਤ ਦੀ ਹਿੱਸੇਦਾਰੀ (FCP) ਜਾਂ ਸ਼ੁਰੂਆਤੀ ਸਾਲਸੀ ਸੇਵਾਵਾਂ ਬਾਰੇ ਤੁਹਾਡੇ ਕਿਸੇ ਵੀ ਸੁਆਲਾਂ ਦੇ ਜਵਾਬ ਦੇਣ ਦੇ ਸਮਰੱਥ ਹੋਣਾ ਚਾਹੀਦਾ ਹੈ।



ਤੁਹਾਡਾ ਪਰਿਵਾਰਕ ਵਸੀਲਿਆਂ ਬਾਰੇ ਕੋਔਰਡੀਨੇਟਰ (FRC) ਹੈ:

ਫੋਨ:________________________________

ਪ੍ਰੋਗਰਾਮ:______________________________

# ਵਾੱਸ਼ਿੰਗਟਨ ਦੀਆਂ ਸ਼ੁਰੂਆਤੀ ਸਾਲਸੀ ਸੇਵਾਵਾਂ

## ਪਰਿਵਾਰਕ ਲਾਗਤ ਦੀ ਹਿੱਸੇਦਾਰੀ (FCP)

Department of Early Learning
Early Support for Infants and Toddlers (ESIT)
P.O. Box 40970
Olympia, WA 98504-0970
ਫੋਨ: 360.725.3500

Washington State Department of Early Learning

Early Support for Infants and Toddlers

DEL 11-019d (8/13)

# ਵਾੱਸ਼ਿੰਗਟਨ ਦੀਆਂ ਸ਼ੁਰੂਆਤੀ ਸਾਲਸੀ (EI) ਸੇਵਾਵਾਂ

### *" ਸ਼ੁਰੂਆਤੀ ਸਾਲਸੀ (EI) ਪ੍ਰੋਗਰਾਮ ਦੀ ਲਾਗਤ ਕਿੰਨੀ ਹੈ?"*

ਪਹਿਲਾਂ ਤੋਂ ਪਤਾ ਲਾਉਣ ਦਾ ਕੋਈ ਅਜਿਹਾ ਤਰੀਕਾ ਨਹੀਂ ਹੈ ਕਿ ਤੁਹਾਡੇ ਬੱਚੇ ਦੀਆਂ EI ਸੇਵਾਵਾਂ ਦੀ ਲਾਗਤ ਕੀ ਹੋਏਗੀ। ਸ਼ੁਰੂਆਤੀ ਸਾਲਸੀ ਵਿਚ ਹਿੱਸੇਦਾਰੀ ਦੇ ਨਤੀਜੇ ਵਜੋਂ ਸਾਨੂੰ ਤੁਹਾਡੇ ਨਾਲ ਗੱਲ ਕਰਨ ਅਤੇ ਨਿਰਣਾ ਕਰਨ ਕਿ ਤੁਸੀਂ ਆਪਣੇ ਬੱਚੇ ਅਤੇ ਪਰਿਵਾਰ ਲਈ ਕੀ ਹੁੰਦਾ ਵੇਖਣਾ ਚਾਹੁੰਦੇ ਹੋ, ਤੱਕ ਸਾਨੂੰ ਉਸ ਜਾਣਕਾਰੀ ਦਾ ਪਤਾ ਨਹੀਂ ਹੁੰਦਾ। ਤੁਹਾਡੇ ਬੱਚੇ ਅਤੇ ਪਰਿਵਾਰ ਨੂੰ ਤੁਹਾਡੇ ਪਰਿਵਾਰ ਦੀਆਂ ਤਰਜੀਹਾਂ, ਵਸੀਲਿਆਂ, ਚਿੰਤਾਵਾਂ ਅਤ□ ਤੁਹਾਡੇ ਬੱਚੇ ਦੀਆਂ ਜ਼ਰੂਰਤਾਂ ਦੇ ਅਧਾਰ ਤੇ ਸੇਵਾਵਾਂ ਮਿਲਣਗੀਆਂ। ਉਹਨਾਂ ਦਾ ਨਿਰਣਾ ਤੁਹਾਡੇ ਅਤੇ ਤੁਹਾਡੇ ਨਾਲ ਕੰਮ ਕਰ ਰਹੀ ਟੀਮ ਵਲੋਂ ਕੀਤਾ ਜਾਏਗਾ। ਸ਼ੁਰੂਆਤੀ ਸਾਲਸੀ ਸੇਵਾਵਾਂ ਹਰ ਬੱਚੇ ਅਤੇ ਪਰਿਵਾਰ ਲਈ ਵਿਅਕਤੀਗਤ ਹੁੰਦੀਆਂ ਹਨ।



### *ਕੀ ਸੇਵਾਵਾਂ ਲਈ ਲਾਗਤ ਦੇਣੀ ਪੈਂਦੀ ਹੈ?*

ਅਸਮਰੱਥ ਲੋਕਾਂ ਬਾਰੇ ਸਿੱਖਿਆ ਕਾਨੂੰਨ (IDEA) ਦਾ ਹਿੱਸਾ C ਇੱਕ ਫ਼ੈਡਰਲ ਕਾਨੂੰਨ ਹੈ, ਜੋ ਸ਼ੁਰੂਆਤੀ ਸਾਲਸੀ ਸੇਵਾਵਾਂ (EI) ਕਿਵੇਂ ਮੁਹਈਆ ਕਰਾਈਆਂ ਜਾਂਦੀਆਂ ਹਨ, ਬਾਰੇ ਸੇਧ ਦਿੰਦਾ ਹੈ। IDEA ਕੁਝ EI ਸੇਵਾਵਾਂ ਲਈ ਪਰਿਵਾਰਕ ਲਾਗਤ ਦੀ ਹਿੱਸੇਦਾਰੀ (FCP) ਦੀ ਆਗਿਆ ਦਿੰਦਾ ਹੈ। FCP ਵਿਚ ਪਰਿਵਾਰ ਦੇ ਸਰਕਾਰੀ ਜਾਂ ਪ੍ਰਾਈਵੇਟ ਬੀਮੇ ਦੀ ਵਰਤੋਂ ਕਰਨਾ ਸ਼ਾਮਿਲ ਹੁੰਦਾ ਹੈ। ਕੁਝ ਸਥਿਤੀਆਂ ਹੇਠ, FCP ਵਿਚ ਪਰਿਵਾਰਕ ਫ਼ੀਸਾਂ ਵੀ ਸ਼ਾਮਿਲ ਹੋ ਸਕਦੀਆਂ ਹਨ।

### *"ਮੈਨੂੰ ਲੱਗਦਾ ਹੈ ਕਿ ਸੇਵਾਵਾਂ ਮੁਫ਼ਤ ਸੀ।"*

IDEA ਦਾ ਹਿੱਸਾ C ਕਹਿੰਦਾ ਹੈ ਕਿ ਤੁਹਾਡੇ ਪਰਿਵਾਰ ਨੂੰ ਕੁਝ EI ਕਾਰਵਾਈਆਂ ਬਿਲਕੁਲ ਮੁਫ਼ਤ ਮੁਹਈਆ ਕਰਾਈਆਂ ਜਾਂਦੀਆਂ ਹਨ। ਉਹਨਾਂ ਕਾਰਵਾਈਆਂ ਵਿਚ ਸ਼ਾਮਿਲ ਹਨ:

- ਬਾਲ ਫ਼ੰਡ (ਉਹਨਾਂ ਬੱਚਿਆਂ ਨੂੰ ਲੱਭਣ ਲਈ ਪਹੁੰਚ ਕਰਨਾ, ਜੋ EI ਲਈ ਯੋਗ ਹੋ ਸਕਦੇ ਹਨ)।
- ਅੰਦਾਜ਼ਾ ਅਤੇ ਮੁਲਾਂਕਣ (ਨਿਰਣਾ ਕਰਨਾ ਕਿ ਬੱਚਾ EI ਲਈ ਯੋਗ ਹੈ)।
- ਸੇਵਾ ਦਾ ਤਾਲਮੇਲ (ਪਰਿਵਾਰਾਂ ਲਈ ਵਸੀਲੇ ਲੱਭਣ ਵਾਲੀਆਂ ਕਾਰਵਾਈਆਂ)।
- ਵਿਅਕਤੀਗਤ ਪਰਿਵਾਰਕ ਸਰਵਿਸ ਪਲਾਨ (IFSP) ਤਿਆਰ ਕਰਨਾ ਅਤੇ ਪਰਿਵਾਰਕ ਪਲਾਨ ਦਾ ਜਾਇਜ਼ਾ ਲੈਣਾ।
- ਪਰਿਵਾਰ ਦੇ ਹੱਕ (ਅਮਲ ਸਬੰਧੀ ਸੁਰੱਖਿਆ ਅਤੇ ਢੁਕਵੇਂ ਅਮਲ ਵਜੋਂ ਜਾਣਿਆ ਜਾਂਦਾ ਹੈ)।

### *"ਮੈਨੂੰ ਕਿਵੇਂ ਪਤਾ ਚੱਲੇਗਾ ਕਿ ਲਾਗਤ ਲੱਗੇਗੀ?"*

ਜੇ ਸੇਵਾਵਾਂ ਲਈ ਕੋਈ ਲਾਗਤ ਹੋਏਗੀ, ਤਾਂ ਇਸਦਾ ਪਤਾ ਲਾਉਣ ਲਈ ਤੁਹਾਡੀ ਮਦਦ ਵਾਸਤੇ ਤੁਹਾਨੂੰ ਇੱਕ ਫ਼ਾਰਮ ਭਰਨ ਲਈ ਕਿਹਾ ਜਾਏਗਾ। ਜੇ ਤੁਸੀਂ ਆਪਣੇ ਸਰਕਾਰੀ ਜਾਂ ਪ੍ਰਾਈਵੇਟ ਬੀਮੇ ਦੀ ਵਰਤੋਂ ਕਰਨ ਲਈ ਫ਼ਾਰਮ ਤੇ ਸਹਿਮਤੀ ਦਿੰਦੇ ਹੋ ਅਤੇ ਆਪਣੇ ਸਹਿਭੁਗਤਾਨਾਂ, ਸਹਿ-ਬੀਮੇ ਅਤੇ ਕਟੌਤੀਆਂ ਲਈ ਸਹਿਮਤ ਹੁੰਦੇ ਹੋ, ਤਾਂ ਤੁਹਾਨੂੰ ਕੋਈ ਮਾਲੀ ਜਾਣਕਾਰੀ ਮੁਹਈਆ ਨਹੀਂ ਕਰਾਈ ਜਾਏਗੀ। ਜੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਆਪਣੇ ਬੀਮੇ ਦੇ ਸਹਿਭੁਗਤਾਨਾਂ, ਸਹਿ-ਬੀਮੇ ਅਤੇ ਕਟੌਤੀਆਂ ਦਾ ਭੁਗਤਾਨ ਕਰਨ ਦੇ ਸਮਰੱਥ ਨਹੀਂ ਹੋਵੋਗੇ, ਤਾਂ ਸੇਵਾਵਾਂ ਲਈ ਕੋਈ ਲਾਗਤਾਂ ਹੋਣਗੀਆਂ, ਦਾ ਪਤਾ ਲਾਉਣ ਲਈ ਮਾਲੀ ਜਾਣਕਾਰੀ ਮੁਹਈਆ ਕਰਾਏ ਜਾਣ ਦੀ ਲੋੜ ਪਏਗੀ।

### *"ਜੇ ਮੈਂ ਆਪਣੀ ਆਮਦਨ ਜਾਂ ਸਿਹਤ ਬੀਮੇ ਬਾਰੇ ਕੋਈ ਜਾਣਕਾਰੀ ਨਾ ਦੇਣ ਦੀ ਚੋਣ ਕਰਦਾ/ਕਰਦੀ ਹਾਂ, ਤਾਂ ਕੀ ਹੁੰਦਾ ਹੈ?"*

ਪਰਿਵਾਰਾਂ ਨੂੰ ਆਪਣੀ ਆਮਦਨ ਬਾਰੇ ਜਾਣਕਾਰੀ ਮੁਹਈਆ ਕਰਾਉਣ ਜਾਂ ਪ੍ਰੋਗਰਾਮ ਨੂੰ ਤੁਹਾਡੇ ਸਰਕਾਰੀ ਜਾਂ ਪ੍ਰਾਈਵੇਟ ਸਿਹਤ ਬੀਮੇ ਨੂੰ ਬਿਲਿੰਗ ਨਾ ਕਰਨ ਦੀ ਆਗਿਆ ਦੇਣ ਦਾ ਹੱਕ ਹੈ। ਜੇ ਤੁਸੀਂ ਆਮਦਨ ਬਾਰੇ ਜਾਣਕਾਰੀ ਨਾ ਦੇਣ ਦੀ ਚੋਣ ਕਰਦੇ ਹੋ, Medicaid ਲਈ ਅਪਲਾਈ ਕਰਦੇ ਹੋ (ਜੇ ਯੋਗ ਹੋ) ਜਾ□ ਪ੍ਰੋਗਰਾਮ ਨੂੰ ਆਪਣੇ ਬੀਮੇ ਨੂੰ ਬਿਲਿੰਗ ਕਰਨ ਦੀ ਆਗਿਆ ਦਿੰਦੇ ਹੋ, ਤਾਂ ਤੁਹਾਡਾ ਸੇਵਾਵਾਂ ਲਈ ਭੁਗਤਾਨ ਵਾਸਤੇ ਮਹੀਨੇਵਾਰ ਪਰਿਵਾਰਕ ਫ਼ੀਸ ਦਾ ਮੁਲਾਂਕਣ ਕੀਤਾ ਜਾਏਗਾ, ਬਸ਼ਰਤੇ ਕਿ ਤੁਸੀਂ ਆਪਣੇ ਪਰਿਵਾਰ ਦੇ ਮੈਂਬਰਾਂ ਅਤੇ ਆਮਦਨ ਦੇ ਅਧਾਰ ਤੇ ਪਰਿਵਾਰਕ ਲਾਗਤ ਦੀ ਹਿੱਸੇਦਾਰੀ (FCP) ਹੇਠ ਹੋ।

ਭੁਗਤਾਨਾਂ ਦੇ ਸਿਸਟਮ ਅਤੇ ਫ਼ੀਸ ਦੀ ਪਾੱਲਿਸੀ ਵਿਚਲੀਆਂ ਸੰਭਵ ਪਰਿਵਾਰਕ ਲਾਗਤਾਂ ਬਾਰੇ ਹੋਰ ਵੇਰਵੇ ਵਾਲੀ ਜਾਣਕਾਰੀ ਮੁਹਈਆ ਕਰਾਈ ਜਾਂਦੀ ਹੈ, ਜੋ ਕਿ ਪਰਿਵਾਰਕ ਵਸੀਲਿਆਂ ਬਾਰੇ ਕੋਔਰਡੀਨੇਟਰ (FRC) ਤੁਹਾਨੂੰ ਦਏਗਾ।

**ਪਰਿਵਾਰਕ ਆਮਦਨ ਅਤੇ ਖ਼ਰਚੇ ਬਾਰੇ ਜਾਣਕਾਰੀ ਗੁਪਤ ਹੁੰਦੀ ਹੈ। ਤੁਹਾਡੀ ਲਿਖਤੀ ਸਹਿਮਤੀ ਤੋਂ ਬਿਨਾ ਇਹ ਕਿਸੇ ਹੋਰ ਪ੍ਰੋਗਰਾਮ (ਸਰਕਾਰੀ ਜਾਂ ਪ੍ਰਾਈਵੇਟ) ਲਈ ਉਪਲਬਧ ਨਹੀਂ ਹੈ।**

### *"ਜੇ ਮੈਂ ਕੋਈ ਹੋਰ ਸ਼ੁਰੂਆਤੀ ਪ੍ਰੋਗਰਾਮ ਬਦਲਦਾ/ਬਦਲਦੀ ਜਾਂ ਤਬਾਦਲਾ ਕਰਦਾ/ਕਰਦੀ ਹਾਂ, ਤਾਂ ਕੀ ਹੁੰਦਾ ਹੈ?"*

ਤੁਹਾਨੂੰ ਆਪਣੇ ਨਵੇਂ EI ਪ੍ਰੋਗਰਾਮ ਨੂੰ ਆਪਣੇ ਪਰਿਵਾਰ ਦੇ ਮੈਂਬਰਾਂ, ਆਮਦਨ ਅਤੇ ਬੀਮੇ ਬਾਰੇ ਜਾਣਕਾਰੀ ਮੁਹਈਆ ਕਰਾਉਣੀ ਪਏਗੀ ਅਤੇ ਨਵੇਂ ਪ੍ਰੋਗਰਾਮ ਵਿਚ ਸੇਵਾਵਾਂ ਲੈਣ ਲਈ ਭੁਗਤਾਨ ਵਾਸਤੇ ਮਦਦ ਲਈ ਆਪਣੇ ਸਰਕਾਰੀ ਜਾਂ ਪ੍ਰਾਈਵੇਟ ਬੀਮੇ ਦੀ ਵਰਤੋਂ ਕਰਨ ਦੀ ਸਹਿਮਤੀ ਦਿਓ।